2228
(B) (P)
2228
Punjabi

Acc. No- ~~2228~~
2228.

1052
9/21

IMPERIAL RECORD DEPARTMENT
RECEIVED
10 AUG. 1931

ਸਭ ਹੱਕ ਰਾਖਵੇਂ ਹਨ

ਨਵਾਂ ਕਿਸਾ

# ਸਰਹੱਦੀ ਸ਼ੇਰ

ਕ੍ਰਿਤ

ਕਵੀ ਐਮ. ਐਸ. ਪੰਛੀ ਜੀ

ਸਿਯਾਲਕੋਟ ਨਿਵਾਸੀ

ਮਿਲਨੇ ਕਾ ਪਤਾ:-

ਲਾਲਾ ਰਾਮਦਿੱਤਾਮਲ ਐਂਡ ਸਨਜ਼

ਪੁਸਤਕਾਂ ਵਾਲ ਲੋਹਾਰੀ ਦਰਵਾਜ਼ਾ

ਲਾਹੌਰ ।

ਪ੍ਰਿੰਟਰ ਅਤੇ ਪਬਲਿਸ਼ਰਜ਼ ਲਾਲਾ ਰਾਮ ਪ੍ਰਸਾਦ
ਪੁਸਤਕਾਂ ਵਾਲੇ ਲੁਹਾਰੀ ਦਰਵਾਜ਼ਾ ਲਾਹੌਰ ਨੇ
ਵਿਰਜਾਨੰਦ ਪ੍ਰੈਸ ਲਾਹੌਰ ਵਿਚ ਛਪਾਇਆ ।

NATIONAL ARCHIVES LIBRARY
No 2228
Date 15-2-72
GOVT. OF INDIA

# ਸਰਹੱਦੀ ਸ਼ੇਰ

## ਦੋਹਰਾ

ਪੰਛੀ ਦਾਸ ਗਰੀਬ ਦੀ, ਸੁਣੋ ਅਰਜ ਮਹਾਰਾਜ।
ਆਸ ਰਖੀ ਮੈਂ ਤੁਧ ਦੀ, ਰਖੋ ਮੇਰੀ ਲਾਜ॥

ਖ਼ੋਲ ਸੁਨਾਵਾਂ ਹਾਲ ਮੈਂ ਹਰੀਕ੍ਰਿਸ਼ਨ ਦਾ ਕੁਲ।
ਧਰਮੀ ਲਾਲ ਨਾਂ ਲਭਦੇ, ਲੈਣ ਜਾਈਏ ਜੇ ਮੁਲ॥

( ਤਰਜ਼ ਤੇਲੂ )

ਭੈਨ–ਜਿਨਾਂ ਆਪਨੇ ਧਰਮ ਨਾਂ ਹਾਰੇ ੨।
ਦੁਨੀਆਂ ਚੋਂ ਜਸ ਖਟ ਗਏ ਅਮੀਏਂ ੨।
ਨੀ ਧਰਮੀ ਲਾਲਪੁਤਰ ਨਿਤ ਜੰਮੀਏਂ।

ਮਾਂ–ਜਿਨਾਂ ਧੁਰੋਂਸੀ ਲਖਾਇਆ ਨਾਂ ਧਰਮੀ ੨।
ਧਰਮ ਉਤੋਂ ਜਿੰਦ ਵਾਰ ਗਏ ਕਰਮੀ ੨।
ਖੁਸ਼ੀ ਨਾਲ ਖੁਸ਼ ਹੋ ਮਰੇ ਲਾਲ ਧਰਮੀ।

ਭੈਨ–ਓਹਤਾਂ ਮਰਨੋ ਮੂਲ ਨ ਡਰਦੇ–ਉਹਤਾਂ ੨।
ਜਿਨ੍ਹਾਂ ਨੂੰ ਆਸ ਈਸ਼ਵਰ ਦੀ ਅੰਮੀਏ ੨।
ਧਰਮੀ ਲਾਲ ਪੁਤਰ ਨਿਤ ਜੰਮੀਏ ੨।

ਮਾਂ—ਰਾਜਗੁਰੂ ਤੇ ਭਗਤ ਸਿੰਘ ਸ਼ੇਰੈਂ [illegible]ਰਾਜ਼ ੨ ।
ਹਾਲ ਸੁਨ ਸੁਖਦੇਵ ਦਾ ਕਰਮੀ ਕਰਮਾਂ ੨ ।
ਖੁਸ਼ੀ ਨਾਲ ਖੁਸ਼ ਹੋ ਮਰੇ ਲਾਲ ਧਰਨੀ ।

ਭੈਨ—ਅਸੀਂ ਹਿੰਦ ਦੀ ਅਜਾਦੀ ਲੈਨੀ ਅਸੀਂ ੨ ।
ਫਾਂਸੀ ਉਤੇ ਚੜ੍ਹ ਚੜ੍ਹ ਕੇ ਅੰਮੀਏ ੨ ।
ਧਰਮੀ ਲਾਲ ਪੁਤਰ ਨਿਤ ਜੰਮੀਏ ।

ਮਾਂ—ਨਾਰੇ ਮਾਰਦਾ ਭਗਤ ਸਿੰਘ ਪਆਰਾ ੨ ।
ਫਾਂਸੀ ਉਤੇ ਚੜ੍ਹਨ ਲਗਾ ਕਰਮੀ ੨ ।
ਖੁਸ਼ੀ ਨਾਲ ਖੁਸ਼ ਹੋ ਮਰੇ ਲਾਲ ਧਰਮੀ ।

ਭੈਨ—ਹਰਿਕਰਿਸ਼ਨ ਪਿਆਰਾ ਵੀਰ ਮੇਰਾ ਹਰਿ ੨ ।
ਦੇਗਿਆ ਪੈਗਾਮ ਹਿੰਦ ਨੂੰ ਅੰਮੀਏ ੨ ।
ਧਰਮੀ ਲਾਲ ਪੁਤਰ ਨਿਤ ਜੰਮੀਏ ।

ਮਾਂ—ਅਸਾਂ ਜਾਨ ਦੇਸ਼ ਤੇ ਵਾਰੀ ਅਸਾਂ ਜਾਨ ੨ ।
ਹਿੰਦੀਓ ਨਾ ਸੌ ਜਾਵਨਾਂ ਕਰਮੀ ੨ ।
ਖੁਸੀ ਨਾਲ ਖੁਸ਼ ਹੋ ਮਰੇ ਲਾਲ ਧਰਮੀ ।

ਭੈਨ—ਜਿਨਾਂ ਮਾਰਿਆ ਹਰੀਕਿਸ਼ਨ ਮੇਰਾ-ਜਿਨਾਂ ।
ਪਾਪੀਆਂ ਦਾ ਕਖ ਨਾ ਰਹੇ ਅੰਮੀਏ ੨ ।
ਧਰਮੀ ਲਾਲ ਪੁਤਰ ਨਿਤ ਜੰਮੀਏ ੨ ।

ਮਾਂ–ਸਾਡਾ ਭਗਤ ਰਾਮ ਨ ਛਡਿਆ ਸਾਡਾ ੨ ।
ਸਜਾ ਉਹਦੀ ਪੂਰੀ ਹੋ ਗਈ ਕਰਮੀ ੨ ।
ਖੁਸ਼ੀ ਨਾਲ ਖੁਸ਼ ਹੋ ਮਰੇ ਲਾਲ ਧਰਮੀ ।

ਭੈਣ–ਅਸਾਂ ਰਬ ਨੂੰ ਸੌਂਪਨਾ ਕੀਤੀ ਅਸਾਂ ੨ ।
ਪਿਆਰੇ ਵੀਰ ਆਪਨੇ ਦੀ ਅੰਮੀਏ ੨ ।
ਧਰਮੀ ਲਾਲ ਪੁਤਰ ਨਿਤ ਜੰਮੀਏ ।

ਗਜ਼ਲ ਤਰਜ਼ ਬਾਂਦੀ

ਸਾਨੂੰ ਸਬਕ ਆਜਾਦੀ ਵਾਲਾ ।
ਭਗਤ ਸਿੰਘ ਗਿਆ ਦਸ ਕੇ ॥

ਹਿੰਦੀਓ ਮੌਤ ਕੋਲੋਂ ਨਹੀਂ ਡਰਨਾ ।
ਫਾਂਸੀ ਚੜ੍ਹ ਜਾਓ ਹੱਸ ਕੇ ॥

ਬਨ ਗਏ ਦੇਸ ਦੇ ਪਿਆਰੇ ।
ਤਿਨੇ ਅਸਾਂਦੇ ਦੁਲਾਰੇ ॥

ਓਹ ਤਾਂ ਚਾੜ੍ਹ ਫਾਂਸੀ ਤੇ ਮਾਰੇ ।
ਰਸਾ ਕਸ ਕਸ ਕੇ ॥

ਸੁਨ ਲੈ ਹਰੀ ਕਰਿਸ਼ਨ ਦਾ ਹਾਲ ।
ਜਿਸ ਨੇ ਕੀਤਾ ਖੇਲ ਕਮਾਲ ॥

ਭਾਰਤ ਮਾਤਾ ਦਾ ਸੀ ਲਾਲ ।
ਫਾਂਸੀ ਤੇ ਚੜ੍ਹਿਆ ਹੱਸ ਕੇ ॥

ਅਸਾਂ ਹਿੰਦ ਆਜ਼ਾਦ ਹੈ ਕਰਨਾ ।
ਤੋਪ ਮਸ਼ੀਨ ਕੋਲੋਂ ਨਹੀਂ ਡਰਨਾ ॥

ਖੁਸ਼ੀ ਨਾਲ ਫਾਂਸੀ ਤੇ ਚੜ੍ਹਨਾ ।
ਜ਼ਾਲਮ ਤਾਂਈ ਦਸ ਕੇ ॥

ਸੁਨ ਲੋ ਹਿੰਦ ਵਾਲਿਓ ਭਾਈਓ ।
ਸਾਰੇ ਹਰੀ ਕਰਿਸ਼ਨ ਬਨ ਜਾਈਓ ।

ਹਿੰਦੀਓ ਦੇਰ ਜਰਾ ਨਾ ਲਾਈਓ ।
ਫਾਂਸੀ ਚੜ੍ਹਜਾਓ ਹੱਸ ਕੇ ॥

ਭਗਤ ਰਾਮ ਜੇਹਲ ਵਿਚ ਰੁਲਦਾ,
ਸਾਡੇ ਦਿਲ ਤੋਂ ਕਦੇ ਨਹੀਂ ਭੁਲਦਾ।
ਸਾਡਾ ਖੂਨ ਅਖਾਂ ਵਿਚੋਂ ਡੁਲਦਾ,
ਦਰਸਨ ਕਰਿਏ ਨਸਕੇ । ਸਾਨੂੰ ।

ਇਕ ਪੰਛੀ ਅਰਜ ਗੁਜ਼ਾਰੇ,
ਘਰ ਘਰ ਲਾਓ ਅਜਾਦੀ ਨਾਹਰੇ ।
ਬਨ ਕੇ ਦੇਸ਼ ਦੇ ਪਿਆਰੇ,
ਅਜਾਦੀ ਲੈ ਲੌ ਹਸ ਕੇ ।

## ( ਕੋਰੜਾ ਛੰਦ )

ਹਿੰਦੀ ਵਾਲ ਦੇਖਕੇ ਬੁਰਾ ਹਵਾਲ ਨੀ
ਦੁਖੀ ਹੋਇਆ ਭੈਣੇ ਮੇਰਾ ਵਾਲਵਾਲ ਨੀ

ਹਿੰਦੀਆਂਦੀ ਸੁਣੇਨ ਕੋਈ ਪੁਕਾਰ ਨੀ
ਫਾਂਸੀ ਉਤੇ ਚਾੜ ਚਾੜ ਦਿਤੇ ਮਾਰ ਨੀ

ਹਾਲ ਵੇਖ ਹਿੰਦਦਾ ਤਰਸ ਆਇਆ ਨੀ
ਦੁਖੀ ਹੋਕੇ ਸੀਸ ਮੈਂ ਤਲੀ ਟਕਾਇਆ ਨੀ

ਇਕ ਸੀਸ ਲਗਿਆਂ ਅਜਾਦੀ ਮਿਲ ਜਾਏ
ਹਿੰਦ ਵਾਲਾ ਬਾਗ ਤੇ ਬਗੀਚਾ ਖਿਲ ਜਾਏ

ਹਿੰਦ ਨੂੰ ਅਜਾਦ ਹੈ ਜਰੂਰ ਕਰਨਾ
ਹਸ ਹਸ ਫਾਂਸੀ ਉਤੇ ਅਸਾਂ ਚੜਨਾ

ਮੰਗ ਲਈ ਸ਼ਹੀਦੀ ਰਾਜ ਗੁਰੂ ਹਸ ਕੇ
ਸੁਖਦੇਵ ਗਿਆ ਓਹਦੇ ਪਿਛੇਨਸ ਕੇ

ਮੈਨੂੰ ਵੀ ਭਗੈਤ ਸਿੰਘ ਨੇ ਬੁਲਾਇਆ ਨੀ
ਖੁਸ਼ੀ ਨਾਲ ਰਸਾ ਮੈਤੋਂ ਗਲ ਪਾਇਆ ਨੀ

## ਕੋਰੜਾ ਛੰਦ

ਖੁਸ਼ੀ ਨਾਲ ਭੈਨ ਦੇਂਵਦੀ ਜੁਵਾਬ ਵੇ
ਪਾਪੀਆਂ ਦਾ ਰਹਿਣਾ ਨਹੀਂ ਹੁਨ ਰਾਜਵੇ

ਰੋਂਵਦੀ ਏ ਭੇਣ ਮੂਹੋਂ ਇਹ ਪੁਕਾਰਕੇ
ਆਇਆ ਕੀ ਏ ਹਥ ਮੇਰਾ ਵੀਰ ਮਾਰਕੇ

ਬਾਲਕ ਅੰਜਾਣ ਦਿਤਾ ਫਾਂਸੀ ਚਾੜ ਜੇ
ਪਾਪੀਆਂ ਨੇ ਕੀਤੀ ਬੜੀ ਭੈੜੀ ਕਾਰ ਜੇ

ਹੁੰਦੀ ਜੇਮੇਂ ਕੋਲ ਵੀਰਨਾਲ ਜਾਂਵਦੀ
ਖੁਸ਼ੀ ਨਾਲ ਰਸਾ ਗਲ ਵਿਚ ਪਾਂਵਦੀ

ਹੁੰਦੀ ਮੈਂ ਸ਼ਹੀਦ ਵੀਰ ਨਾਲ ਰਲਕੇ
ਕਰਦੀ ਜੁਵਾਬ ਰਬ ਕੋਲ ਚਲ ਕੇ

### ( ਬੈਂਤ ) ਵੀਰ

ਭੈਣ ਪਿਆਰਿਏ ਅਖੀਆਂ ਖੋਲ ਤੇ ਸਹੀ
ਕਿਸ ਨੂੰ ਰੋ ਰੋ ਹਾਲ ਸੁਨਾਂਵਨੀਏਂ

ਅਸੀ ਜਿਉਨੇ ਹਾਂ ਬੀਬੀਏ ਕੋਲ ਤੇਰੇ
ਏਵੇਂ ਕਾਸ ਨੂੰ ਹੌਸਲਾ ਢਾਵਨੀਏਂ

ਥੋੜੇ ਦਿਨਾਂ ਨੂੰ ਜੁਲਮ ਦੀ ਜੜ ਬੀਬੀ

ਹੁਨ ਹਿੰਦ ਵਿਚੋਂ ਪੁਟੀ ਜਾਵਨੀਏਂ
ਬਚੇ ਬਚੇ ਦਾ ਸੀਸ ਕੁਰਬਾਨ ਕਰਕੇ
ਅਸਾਂ ਹਿੰਦ ਅਜ਼ਾਦ ਕਰਾਵਨੀਏਂ

( ਬੈਂਤ ) ਭਾਰਤਮਾਤਾ

ਭਾਰਤ ਮਾਤਾ ਪੁਕਾਰਦੀ ਲਾਲ ਮੇਰੇ
ਹੋ ਅਖਿਆਂ ਤੋਂ ਗਏ ਦੂਰ ਲੋਕੋ

ਦਿਤਾ ਮੇਰਾ ਵਛੋੜੇ ਨੇ ਸਾੜ ਸੀਨਾ
ਹੋਇਆ ਭੁਜ ਕੇ ਵਾਂਗ ਤੰਦੂਰ ਲੋਕੋ

ਬੇਗੁਨਾਂ ਨੂੰ ਫਾਂਸੀ ਤੇ ਚਾੜ ਦੇਣਾ
ਨਵਾਂ ਨਿਕਲਆ ਏਹ ਦਸਤੂਰ ਲੋਕੋ

ਪੰਛੀ ਮੌਤ ਦੀ ਘੋੜੀ ਤੇ ਚੜੇ ਲਖਾਂ
ਭਾਰਤ ਮਾਤਾ ਦੇ ਚਮਕਦੇ ਨੂਰ ਲੋਕੋ


# ਇਤਲਾਹ

ਕਿੱਸੇ, ਕਹਾਨੀਆਂ, ਨਾਵਲ ਅਤੇ ਨਾਟਕ, ਸੋਹਣੀਆਂ ਅਤੇ ਸੁੰਦਰ ਪੁਸਤਕਾਂ–ਹਿੰਦੀ, ਗੁਰਮੁਖੀ ਅੰਗਰੇਜ਼ੀ ਅਤੇ ਉਰਦੂ ਵਿਚ ਹੇਠ ਲਿਖੇ ਪਤੇ ਤੋਂ ਮੰਗਾਓ:–

**ਲਾਲਾ ਰਾਮਦਿੱਤਾ ਮੱਲ ਐਂਡ ਸਨਜ਼**

ਪੁਸਤਕਾਂ ਵਾਲੇ ਲੁਹਾਰੀ ਦਰਵਾਜ਼ਾ, ਲਾਹੌਰ.

IMPERIAL RECORD ... RECEIVED. 10 AUG. 1931

ਸਭ ਹੱਕ ਰਾਖਵੇਂ ਹਨ

ਨਵਾਂ ਕਿਸਾ

# ਸਰਹੱਦੀ ਸ਼ੇਰ

ਕ੍ਰਿਤ

ਕਵੀ ਐਮ. ਐਸ. ਪੰਛੀ ਜੀ

ਸਿਯਾਲਕੋਟ ਨਿਵਾਸੀ

ਮਿਲਨੇ ਕਾ ਪਤਾ:—

ਲਾਲਾ ਰਾਮਦਿੱਤਾਮਲ ਐਂਡ ਸਨਜ਼

ਪੁਸਤਕਾਂ ਵਾਲ ਲੋਹਾਰੀ ਦਰਵਾਜ਼ਾ

ਲਾਹੌਰ ।

ਪ੍ਰਿੰਟਰ ਅਤੇ ਪਬਲਿਸ਼ਰਜ਼ ਲਾਲਾ ਰਾਮ ਪ੍ਰਸਾਦ

ਪੁਸਤਕਾਂ ਵਾਲੇ ਲੁਹਾਰੀ ਦਰਵਾਜਾ ਲਾਹੌਰ ਨੇ

ਵਿਰਜਾਨੰਦ ਪ੍ਰੈਸ ਲਾਹੌਰ ਵਿਚ ਛਪਾਇਆ ।

NATIONAL ARCHIVES LIBRARY
No 2224
Date 15.2.72
GOVT. OF INDIA

# ਸਰਹੱਦੀ ਸ਼ੇਰ

## ਦੋਹਰਾ

ਪੰਛੀ ਦਾਸ ਗਰੀਬ ਦੀ, ਸੁਣੋ ਅਰਜ ਮਹਾਰਾਜ।
ਆਸ ਰਖੀ ਮੈਂ ਤੁਧ ਦੀ, ਰਖੋ ਮੇਰੀ ਲਾਜ॥

ਖ਼ੋਲ ਸੁਨਾਵਾਂ ਹਾਲ ਮੈਂ ਹਰੀਕ੍ਰਿਸ਼ਨ ਦਾ ਕੁਲ।
ਧਰਮੀ ਲਾਲ ਨਾਂ ਲਭਦੇ, ਲੈਣ ਜਾਈਏ ਜੇ ਮੁਲ॥

( ਤਰਜ਼ ਤੋਲੂ )

ਭੈਣ—ਜਿਨਾਂ ਆਪਨੇ ਧਰਮ ਨਾਂ ਹਾਰੇ ੨।
ਦੁਨੀਆਂ ਚੋਂ ਜਸ ਖਟ ਗਏ ਅਮੀਏਂ ੨।
ਨੀ ਧਰਮੀ ਲਾਲਪੁਤਰ ਨਿਤ ਜੰਮੀਏਂ।

ਮਾਂ—ਜਿਨਾਂ ਧੁਰੋਂਸੀ ਲਖਾਇਆ ਨਾਂ ਧਰਮੀ ੨।
ਧਰਮ ਉਤੋਂ ਜਿੰਦ ਵਾਰ ਗਏ ਕਰਮੀ ੨।
ਖੁਸ਼ੀ ਨਾਲ ਖੁਸ਼ ਹੋ ਮਰੇ ਲਾਲ ਧਰਮੀ।

ਭੈਣ—ਓਹਤਾਂ ਮਰਨੇ ਮੂਲ ਨ ਡਰਦੇ—ਉਹਤਾਂ ੨।
ਜਿਨ੍ਹਾਂ ਨੂੰ ਆਸ ਈਸ਼ਵਰ ਦੀ ਅੰਮੀਏ ੨।
ਧਰਮੀ ਲਾਲ ਪੁਤਰ ਨਿਤ ਜੰਮੀਏ ੨।

ਮਾਂ—ਰਾਜਗੁਰੂ ਤੇ ਭਗਤ ਸਿੰਘ ਸ਼ੇਰ ਦਾਰਾਜ ੨ ।
ਹਾਲ ਸੁਨ ਸੁਖਦੇਵ ਦਾ ਕਰਮੀ ਕਰਮੀ ੨ ।
ਖੁਸ਼ੀ ਨਾਲ ਖੁਸ਼ ਹੋ ਮਰੇ ਲਾਲ ਧਰਨੀ ।

ਭੈਨ—ਅਸੀਂ ਹਿੰਦ ਦੀ ਅਜਾਦੀ ਲੈਨੀ ਅਸੀਂ ੨ ।
ਫਾਂਸੀ ਉਤੇ ਚੜ੍ਹ ਚੜ੍ਹ ਕੇ ਅੰਮੀਏ ੨ ।
ਧਰਮੀ ਲਾਲ ਪੁਤਰ ਨਿਤ ਜੰਮੀਏ ।

ਮਾਂ—ਨਾਰੇ ਮਾਰਦਾ ਭਗਤ ਸਿੰਘ ਪਆਰਾ ੨ ।
ਫਾਂਸੀ ਉਤੇ ਚੜ੍ਹਨ ਲਗਾ ਕਰਮੀ ੨ ।
ਖੁਸ਼ੀ ਨਾਲ ਖੁਸ਼ ਹੋ ਮਰੇ ਲਾਲ ਧਰਮੀ ।

ਭੈਨ—ਹਰਿਕਰਿਸ਼ਨ ਪਿਆਰਾ ਵੀਰ ਮੇਰਾ ਹਰਿ ੨ ।
ਦੇਗਿਆ ਪੈਗਾਮ ਹਿੰਦ ਨੂੰ ਅੰਮੀਏ ੨ ।
ਧਰਮੀ ਲਾਲ ਪੁਤਰ ਨਿਤ ਜੰਮੀਏ ।

ਮਾਂ—ਅਸਾਂ ਜਾਨ ਦੇਸ ਤੇ ਵਾਰੀ ਅਸਾਂ ਜਾਨ ੨ ।
ਹਿੰਦੀਓ ਨਾ ਸੌ ਜਾਵਨਾਂ ਕਰਮੀ ੨ ।
ਖੁਸੀ ਨਾਲ ਖੁਸ਼ ਹੋ ਮਰੇ ਲਾਲ ਧਰਮੀ ।

ਭੈਨ—ਜਿਨਾਂ ਮਾਰਿਆ ਹਰੀਕਿਸ਼ਨ ਮੇਰਾ-ਜਿਨਾਂ ।
ਪਾਪੀਆਂ ਦਾ ਕਖ ਨਾ ਰਹੇ ਅੰਮੀਏ ੨ ।
ਧਰਮੀ ਲਾਲ ਪੁਤਰ ਨਿਤ ਜੰਮੀਏ ੨ ।

ਮਾਂ—ਸਾਡਾ ਭਗਤ ਰਾਮ ਨ ਛਡਿਆ ਸਾਡਾ ੨ ।
ਸਜਾ ਉਹਦੀ ਪੂਰੀ ਹੋ ਗਈ ਕਰਮੀ ੨ ।
ਖੁਸ਼ੀ ਨਾਲ ਖੁਸ਼ ਹੋ ਮਰੇ ਲਾਲ ਧਰਮੀ ।

ਭੈਣ—ਅਸਾਂ ਰਬ ਨੂੰ ਸੌਂਪਨਾ ਕੀਤੀ ਅਸਾਂ ੨ ।
ਪਿਆਰੇ ਵੀਰ ਆਪਨੇ ਦੀ ਅੰਮੀਏ ੨ ।
ਧਰਮੀ ਲਾਲ ਪੁਤਰ ਨਿਤ ਜੰਮੀਏ ।

## ਗਜ਼ਲ ਤਰਜ਼ ਬਾਂਦੀ

ਸਾਨੂੰ ਸਬਕ ਆਜਾਦੀ ਵਾਲਾ ।
ਭਗਤ ਸਿੰਘ ਗਿਆ ਦਸ ਕੇ ॥

ਹਿੰਦੀਓ ਮੌਤ ਕੋਲੋਂ ਨਹੀਂ ਡਰਨਾ ।
ਫਾਂਸੀ ਚੜ੍ਹ ਜਾਓ ਹੱਸ ਕੇ ॥

ਬਨ ਗਏ ਦੇਸ ਦੇ ਪਿਆਰੇ ।
ਤਿਨੇ ਅਸਾਂਦੇ ਦੁਲਾਰੇ ॥

ਓਹ ਤਾਂ ਚਾੜ੍ਹ ਫਾਂਸੀ ਤੇ ਮਾਰੇ ।
ਰਸਾ ਕਸ ਕਸ ਕੇ ॥

ਸੁਨ ਲੈ ਹਰੀ ਕਰਿਸ਼ਨ ਦਾ ਹਾਲ ।
ਜਿਸ ਨੇ ਕੀਤਾ ਖੇਲ ਕਮਾਲ ॥

ਭਾਰਤ ਮਾਤਾ ਦਾ ਸੀ ਲਾਲ ।
ਫਾਂਸੀ ਤੇ ਚੜ੍ਹਿਆ ਹੱਸ ਕੇ ॥

ਅਸਾਂ ਹਿੰਦ ਆਜ਼ਾਦ ਹੈ ਕਰਨਾ ।
ਤੋਪ ਮਸ਼ੀਨ ਕੋਲੋਂ ਨਹੀਂ ਡਰਨਾ ॥

ਖੁਸ਼ੀ ਨਾਲ ਫਾਂਸੀ ਤੇ ਚੜ੍ਹਨਾ ।
ਜ਼ਾਲਮ ਤਾਂਈ ਦਸ ਕੇ ॥

ਸੁਨ ਲੋ ਹਿੰਦ ਵਾਲਿਓ ਭਾਈਓ ।
ਸਾਰੇ ਹਰੀ ਕਰਿਸ਼ਨ ਬਨ ਜਾਈਓ ।

ਹਿੰਦੀਓ ਦੇਰ ਜਰਾ ਨਾ ਲਾਈਓ ।
ਫਾਂਸੀ ਚੜ੍ਹਜਾਓ ਹੱਸ ਕੇ ॥

ਭਗਤ ਰਾਮ ਜੇਹਲ ਵਿਚ ਰੁਲਦਾ,
ਸਾਡੇ ਦਿਲ ਤੋਂ ਕਦੇ ਨਹੀਂ ਭੁਲਦਾ ।
ਸਾਡਾ ਖੂਨ ਅਖਾਂ ਵਿਚੋਂ ਡੁਲਦਾ,
ਦਰਸਨ ਕਰਿਏ ਨਸਕੇ । ਸਾਨੂੰ ।

ਇਕ ਪੰਛੀ ਅਰਜ ਗੁਜ਼ਾਰੇ,
ਘਰ ਘਰ ਲਾਓ ਅਜਾਦੀ ਨਾਹਰੇ ।

ਬਨ ਕੇ ਦੇਸ਼ ਦੇ ਪਿਆਰੇ,
ਅਜਾਦੀ ਲੈ ਲੈ ਹਸ ਕੇ ।

( ਕੋਰੜਾ ਛੰਦ )

ਹਿੰਦੀ ਵਾਲ ਦੇਖਕੇ ਬੁਰਾ ਹਵਾਲ ਨੀ
ਦੁਖੀ ਹੋਇਆ ਭੈਣੇ ਮੇਰਾ ਵਾਲਵਾਲ ਨੀ

ਹਿੰਦੀਆਂਦੀ ਸੁਣੇਨ ਕੋਈ ਪੁਕਾਰ ਨੀ
ਫਾਂਸੀ ਉਤੇ ਚਾੜ ਚਾੜ ਦਿਤੇ ਮਾਰ ਨੀ

ਹਾਲ ਵੇਖ ਹਿੰਦਦਾ ਤਰਸ ਆਇਆ ਨੀ
ਦੁਖੀ ਹੋਕੇ ਸੀਸ ਮੈਂ ਤਲੀ ਟਕਾਇਆ ਨੀ

ਇਕ ਸੀਸ ਲਗਿਆਂ ਅਜਾਦੀ ਮਿਲ ਜਾਏ
ਹਿੰਦ ਵਾਲਾ ਬਾਗ ਤੇ ਬਗੀਚਾ ਖਿਲ ਜਾਏ

ਹਿੰਦ ਨੂੰ ਅਜਾਦ ਹੈ ਜਰੂਰ ਕਰਨਾ
ਹਸ ਹਸ ਫਾਂਸੀ ਉਤੇ ਅਸਾਂ ਚੜਨਾ

ਮੰਗ ਲਈ ਸ਼ਹੀਦੀ ਰਾਜ ਗੁਰੂ ਹਸ ਕੇ
ਸੁਖਦੇਵ ਗਿਆ ਓਹਦੇ ਪਿਛੇਨਸ ਕੇ

ਮੈਨੂੰ ਵੀ ਭਗਤ ਸਿੰਘ ਨੇ ਬੁਲਾਇਆ ਨੀ
ਖੁਸ਼ੀ ਨਾਲ ਰਸਾ ਮੈਤੋਂ ਗਲ ਪਾਇਆ ਨੀ

---

## ਕੋਰੜਾ ਛੰਦ

ਖੁਸ਼ੀ ਨਾਲ ਭੈਨ ਦੇਂਵਦੀ ਜੁਵਾਬ ਵੇ
ਪਾਪੀਆਂ ਦਾ ਰਹਿਣਾ ਨਹੀਂ ਹੁਨ ਰਾਜਵੇ

ਰੋਂਵਦੀ ਏ ਭੈਣ ਮੁਹੋਂ ਇਹ ਪੁਕਾਰਕੇ
ਆਇਆ ਕੀ ਏ ਹਥ ਮੇਰਾ ਵੀਰ ਮਾਰਕੇ

ਬਾਲਕ ਅੰਜਾਣ ਦਿਤਾ ਫਾਂਸੀ ਚਾੜ ਜੇ
ਪਾਪੀਆਂ ਨੇ ਕੀਤੀ ਬੜੀ ਭੈੜੀ ਕਾਰ ਜੇ

ਹੁੰਦੀ ਜੇਮੇਂ ਕੋਲ ਵੀਰਨਾਲ ਜਾਂਵਦੀ
ਖੁਸ਼ੀ ਨਾਲ ਰਸਾ ਗਲ ਵਿਚ ਪਾਂਵਦੀ

ਹੁੰਦੀ ਮੈਂ ਸ਼ਹੀਦ ਵੀਰ ਨਾਲ ਰਲਕੇ
ਕਰਦੀ ਜੁਵਾਬ ਰਥ ਕੋਲ ਚਲ ਕੇ

### ( ਬੈਂਤ ) ਵੀਰ

ਭੈਣ ਪਿਆਰਿਏ ਅਖੀਆਂ ਖੋਲ ਤੇ ਸਹੀ
ਕਿਸ ਨੂੰ ਰੋ ਰੋ ਹਾਲ ਸੁਨਾਂਵਨੀਏਂ

ਅਸੀ ਜਿਊਨੇ ਹਾਂ ਬੀਬੀਏ ਕੋਲ ਤੇਰੇ
ਏਵੇਂ ਕਾਸ ਨੂੰ ਹੌਸਲਾ ਢਾਵਨੀਏਂ

ਥੋੜੇ ਦਿਨਾਂ ਨੂੰ ਜੁਲਮ ਦੀ ਜੜ ਬੀਬੀ

ਹੁਨ ਹਿੰਦ ਵਿਚੋਂ ਪੁਟੀ ਜਾਵਨੀਏਂ
ਬਚੇ ਬਚੇ ਦਾ ਸੀਸ ਕੁਰਬਾਨ ਕਰਕੇ
ਅਸਾਂ ਹਿੰਦ ਅਜਾਦ ਕਰਾਵਨੀਏਂ

( ਬੈਂਤ ) ਭਾਰਤਮਾਤਾ

ਭਾਰਤ ਮਾਤਾ ਪਕਾਰਦੀ ਲਾਲ ਮੇਰੇ
ਹੋ ਅਖਿਆਂ ਤੋਂ ਗਏ ਦੂਰ ਲੋਕੋ

ਦਿਤਾ ਮੇਰਾ ਵਛੋੜੇ ਨੇ ਸਾੜ ਸੀਨਾ
ਹੋਇਆ ਭੁਜ ਕੇ ਵਾਂਗ ਤੰਦੂਰ ਲੋਕੋ

ਬੇਗੁਨਾਂ ਨੂੰ ਫਾਸੀ ਤੇ ਚਾੜ ਦੇਣਾ
ਨਵਾਂ ਨਿਕਲਆ ਏਹ ਦਸਤੂਰ ਲੋਕੋ

ਪੰਛੀ ਮੌਤ ਦੀ ਘੋੜੀ ਤੇ ਚੜੇ ਲਖਾਂ
ਭਾਰਤ ਮਾਤਾ ਦੇ ਚਮਕਦੇ ਨੂਰ ਲੋਕੋ


# ਇਤਲਾਹ

ਕਿੱਸੇ, ਕਹਾਨੀਆਂ, ਨਾਵਲ ਅਤੇ ਨਾਟਕ, ਸੋਹਣੀਆਂ ਅਤੇ ਸੁੰਦਰ ਪੁਸਤਕਾਂ—ਹਿੰਦੀ, ਗੁਰਮੁਖੀ ਅੰਗਰੇਜ਼ੀ ਅਤੇ ਉਰਦੂ ਵਿਚ ਹੇਠ ਲਿਖੇ ਪਤੇ ਤੋਂ ਮੰਗਾਓ:—

**ਲਾਲਾ ਰਾਮਦਿੱਤਾ ਮੱਲ ਐਂਡ ਸਨਜ਼**

ਪੁਸਤਕਾਂ ਵਾਲੇ ਲੁਹਾਰੀ ਦਰਵਾਜ਼ਾ, ਲਾਹੌਰ.